# ਬੱਚਿਆਂ ਲਈ ਬਾਈਬਲ

## ਉਪੱਸਥਿਤ



# ਪੌਲੂਸ ਦੀ ਅਦਭੁਤ ਯਾਤਰਾ


ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 59 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਪੌਲੂਸ ਅਤੇ ਸਿਲਾਸ, ਯਿਸੂ ਦੇ ਦਾਸ, ਜ਼ੇਲ ਵਿੱਚ ਸਨ। ਨਹੀ, ਉਹਨਾਂ ਨੇ ਕੁਝ ਵੀ ਗਲ਼ਤ ਨਹੀ ਕੀਤਾ ਸੀ - ਉਹਨਾਂ ਨੇ ਇੱਕ ਔਰਤ ਵਿੱਚੋਂ ਭੂਤ ਕੱਢਿਆ ਸੀ।



1

ਉਹਨਾਂ ਨੇ ਬੁੱਤਾਂ ਦੀ ਪੂਜਾ ਕਰਨ ਵਾਲੇ ਲੋਕਾਂ ਨੂੰ ਜਿਹੜੇ ਫ਼ਿਲਪੀਆ ਦੇ ਵਿੱਚ ਰਹਿੰਦੇ ਸੀ ਪਰਮੇਸ਼ਵਰ ਅਤੇ ਉਸਦੇ ਪੁੱਤਰ ਯਿਸੂ ਦੀ ਸੱਚੀ ਤਾਕਤ ਨੂੰ ਵਿਖਾਇਆ ਸੀ। ਉਸਦੇ ਕਾਰਨ ਉਹਨਾਂ ਨੂੰ ਬੰਦੀ ਬਣਾਇਆ ਗਿਆ, ਦੁੱਖ ਦਿੱਤਾ ਅਤੇ ਜੇਲ ਵਿੱਚ ਸੁੱਟਿਆ ਗਿਆ।



2


ਸ਼ਾਇਦ ਤੁਸੀ ਪੌਲੂਸ ਨੂੰ ਅਤੇ ਸਿਲਾਸ ਨੂੰ ਗੁੱਸੇ ਵਿੱਚ ਅਤੇ ਔਖਾ ਮਹਿਸੂਸ ਕਰਦੇ ਹੋਵੋਂਗੇ। ਪਰ ਉਹ ਨਹੀਂ ਸਨ। ਉਸ ਦੀ ਜ਼ਗ੍ਹਾ, ਉਹ ਅੱਧੀ ਰਾਤ ਨੂੰ ਬੈਠ ਕੇ ਪਰਮੇਸ਼ਵਰ ਦੀ ਉਸਤਤ ਦੇ ਗੀਤ ਗਾਉਣ ਲੱਗੇ! ਸਾਰੇ ਕੈਦੀਆਂ ਨੇ ਅਤੇ ਜੇਲਰਾਂ ਨੇ ਉਹਨਾਂ ਨੂੰ ਸੁਣਿਆ।
3


ਅਚਾਨਕ, ਗਾਣਾ ਬੰਦ ਹੋ ਗਿਆ। ਪਰਮੇਸ਼ਵਰ ਨੇ ਜੇਲ ਨੂੰ ਹਿਲਾਉਣ ਲਈ ਭੂਚਾਲ ਘੱਲਿਆ। ਸਾਰੇ ਦਰਵਾਜੇ ਖੁੱਲ ਗਏ। ਸਾਰਿਆਂ ਦੀਆਂ ਜ਼ੰਜ਼ੀਰਾਂ ਢਿੱਲੀਆਂ ਹੋ ਗਈਆਂ।
4


ਉਹ – ਉਹ! ਜੇਲਰ ਨੂੰ ਪੱਕਾ ਸੀ ਇਸ ਗੜਬੜ ਵਿੱਚ ਸਾਰੇ ਕੈਦੀ ਭੱਜ ਗਏ ਹਨ। ਜੇਕਰ ਇੱਕ ਵੀ ਬਚ ਨਿਕਲਿਆ ਤਾਂ ਜੇਲਰ ਨੂੰ ਮੌਤ ਦੀ ਸਜਾ ਹੋ ਜਾਵੇਗੀ। ਦੁੱਖ ਨਾਲ, ਮਜ਼ਬੂਰ ਜੇਲਰ ਮਿਆਨ ਵਿੱਚੋਂ ਆਪਣੀ ਨੇ ਆਪਣੀ ਤਲਵਾਰ ਬਾਹਰ ਖਿੱਚ ਲਈ। ਸ਼ਾਇਦ ਉਹ ਆਪਣੇ ਆਪ ਨੂੰ ਮਾਰ ਕੇ ਸਭ ਕੁਝ ਖਤਮ ਕਰ ਦੇਵੇਗਾ।
5


ਪਰ ਪੌਲੂਸ ਨੇ ਆਖਿਆ, “ਆਪਣੇ ਆਪ ਨੂੰ ਨੁਕਸਾਨ ਨਾ ਪਹੁੰਚਾ, ਕਿਉਂ ਜੋ ਅਸੀ ਸਾਰੇ ਇੱਥੇ ਹਾਂ।” ਜਦ ਜੇਲਰ ਨੇ ਉਹ ਵੇਖਿਆ, ਉਸਨੇ ਕਿਹਾ, “ਗੁਰੁ ਜੀ, ਮੈਨੂੰ ਬਚਣ ਲਈ ਕੀ ਕਰਨਾ ਚਾਹੀਦਾ ਹੈ?” ਤਾਂ ਉਹਨਾਂ ਕਿਹਾ, “ਸਵਾਮੀ ਯਿਸੂ ਨਾਸਰੀ ਤੇ ਭਰੋਸਾ ਰੱਖ, ਅਤੇ ਤੂੰ ਬਚਾਇਆ ਜਾਵੇਂਗਾ, ਤੂੰ ਅਤੇ ਤੇਰਾ ਘਰਾਣਾ।” ਜੇਲਰ ਨੇ ਖੁਸ਼ੀ ਨਾਲ ਵਿਸ਼ਵਾਸ਼ ਕੀਤਾ।
6


ਅਗਲੇ ਦਿਨ ਛੁੱਟਣ ਤੇ, ਪੌਲੂਸ ਅਤੇ ਸਿਲਾਸ ਨੇ ਲੋਕਾਂ ਨੂੰ ਪਰਮੇਸ਼ਵਰ ਦੇ ਬਾਰੇ ਦੱਸਦਿਆ ਬਹੁਤ ਸਾਰੇ ਸ਼ਹਿਰਾਂ ਦੀ ਯਾਤਰਾ ਕੀਤੀ। ਪਰ ਪਰਮੇਸ਼ਵਰ ਆਪਣੇ ਸੇਵਕਾਂ ਦੇ ਨਾਲ ਸੀ। ਇੱਕ ਰਾਤ ਪੌਲੁਸ ਨੇ ਘੰਟਿਆਂ ਤੱਕ ਪਰਚਾਰ ਕੀਤਾ। ਇੱਕ ਜਵਾਨ ਮਨੁੱਖ ਖਿੜਕੀ ਵਿੱਚ ਬੈਠਾ ਸੌਂ ਗਿਆ। ਤੁਸੀ ਅੰਦਾਜ਼ਾ ਲਗਾ ਸਕਦੇ ਹੋ ਕੀ ਹੋਇਆ ਹੋਵੇਗਾ।
7


ਸਾਰੇ ਜਾਣ ਗਏ ਕੀ ਜਵਾਨ ਮਨੁੱਖ ਮਰ ਗਿਆ ਸੀ। ਪਰ ਪੌਲੁਸ ਥੱਲੇ ਗਿਆ ਅਤੇ ਉਹਨਾਂ ਨੂੰ ਇਹ ਕਹਿ ਕੇ ਹੈਰਾਨ ਕਰ ਦਿੱਤਾ, “ਉਸ ਦੀ ਜਾਨ ਉਸ ਵਿੱਚ ਹੈ।” ਉਹ ਜਵਾਨ ਮਨੁੱਖ ਨੂੰ ਜਿੰਦਾ ਅੰਦਰ ਲੈ ਆਏ, ਅਤੇ ਉਹ ਬਹੁਤ ਖੁਸ਼ ਸਨ।
8


ਪੌਲੂਸ ਅਤੇ ਸਿਲਾਸ ਨੇ ਆਪਣੀ ਯੂਰਪ ਦੀ ਯਾਤਰਾ ਵਿੱਚ ਬਹੁਤ ਸਾਹਸਿਕ ਕੰਮ ਕੀਤੇ। ਪੌਲੂਸ ਦਾ ਸਭ ਤੋਂ ਸਾਹਸਿਕ ਮਹਾਨ ਕੰਮ ਉਸ ਵੇਲੇ ਹੋਇਆ ਜਦ ਉਹ ਜਹਾਜ ਵਿੱਚ ਸੀ। ਇਹ ਫੌਲਾਦੀ ਸਮੁੰਦਰੀ ਜਹਾਜ ਨਹੀ ਸਨ, ਪਰ ਸਮੁੰਦਰੀ ਬੇੜੀ ਸੀ, ਜੋ ਤੂਫ਼ਾਨੀ ਮੌਸਮ ਵਿੱਚ ਆਰਾਮ ਨਾਲ ਉਥਲ ਪੁਥਲ ਹੋ ਸਕਦੀ ਸੀ।
9
ਪੌਲੂਸ ਜਹਾਜ ਵਿੱਚ ਸੀ ਕਿਉਂਕਿ ਉਹ ਫਿਰ ਫੜਿਆ ਗਿਆ ਸੀ। ਹੁਣ ਉਸ ਨੇ ਰੋਮ ਦੇ ਸਮਰਾਟ ਦੇ ਸਾਹਮਣੇ ਪੇਸ਼ ਹੋਣਾ ਸੀ, ਸੰਸਾਰ ਦੀ ਰਾਜਧਾਨੀ ਸੀ। ਤੇਜ਼ ਹਵਾ ਨੇ ਜਹਾਜ ਨੂੰ ਹੌਲੀ ਕਰ ਦਿੱਤਾ।
10
ਇਹ ਇਸ ਤ੍ਰਾਂ ਲੱਗ ਰਿਹਾ ਸੀ ਕੀ ਸਾਹਮਣੇ ਤੂਫ਼ਾਨੀ ਮੌਸਮ ਹੈ। ਇਹ ਪੌਲੂਸ ਲਈ ਅਤੇ ਬਾਕੀ ਬੰਦੀਆਂ ਦੇ ਲਈ ਇੱਕ ਬੇਕਾਰ ਯਾਤਰਾ ਸੀ, ਨਾਲ ਹੀ ਨਾਲ ਜਹਾਜ ਲਈ ਵੀ।
11
“ਹੇ ਮਨੁੱਖੋ, ਮੈ ਮਹਿਸੂਸ ਕੀਤਾ ਕੀ ਇਹ ਜਲ ਯਾਤਰਾ ਇੱਕ ਭਾਰੀ ਮੁਸੀਬਤ ਨਾਲ ਖ਼ਤਮ ਹੋਵੇਗੀ।” ਪੌਲੂਸ ਨੇ ਚੇਤਾਵਨੀ ਦਿੱਤੀ। ਪਰ ਕਪਤਾਨ ਨੇ ਨਾਂ ਸੁਣਿਆ। ਉਹ ਸਮੁੰਦਰ ਵੱਲ ਚੱਲ ਗਏ।
12
ਜਦ ਇੱਕ ਵੱਡੇ ਤੂਫ਼ਾਨ ਨੇ ਉਹਨਾਂ ਨੂੰ ਮਾਰਿਆ, ਉਹਨਾਂ ਨੇ ਜਹਾਜ ਦੇ ਚਾਰੇ ਪਾਸੇ ਰੱਸੀਆਂ ਇਸ ਆਸ਼ਾ ਨਾਲ ਬੰਨ ਦਿੱਤੀਆ ਕੀ ਉਹ ਉਸਨੂੰ ਟੁੱਟਣ ਤੋਂ ਬਚਾ ਲਵੇਗਾ। ਜੇਕਰ ਜਹਾਜ ਟੁੱਟ ਗਿਆ ਤਾਂ ਇਹ ਉਹਨਾਂ ਸਾਰਿਆਂ ਲਈ ਪਾਣੀ ਵਾਲੀ ਕਬਰ ਹੋਵੇਗੀ।
13
ਜਹਾਜ ਵਿੱਚ ਬਹੁਤ ਉੱਥਲ ਪੁੱਥਲ ਹੋਈ ਤਾਂ ਕਪਤਾਨ ਨੇ ਹੁਕਮ ਦਿੱਤਾ ਕੀ ਜਹਾਜ ਹਲਕਾ ਕਰਨ ਵਿੱਚ ਸਾਰੇ ਸਹਾਇਤਾ ਕਰਨ। ਤੀਸਰੇ ਦਿਨ, ਉਹਨਾਂ ਨੇ ਜਹਾਜ ਦੇ ਵਿੱਚ ਸਮਾਨ ਖਿੱਚਣ ਵਾਲੇ ਨੂੰ ਪਾਣੀ ਵਿੱਚ ਸੁੱਟ ਦਿੱਤਾ। ਸ਼ਾਇਦ ਇਹ ਕੁਝ ਮਦਦ ਕਰ ਦੇਵੇਗਾ।
14


ਰਾਤ ਦੇ ਵੇਲੇ, ਇੱਕ ਦੂਤ ਪੌਲੂਸ ਦੇ ਕੋਲ ਖੜ ਕੇ ਬੋਲ ਰਿਹਾ ਸੀ ਇਹ ਸਭ ਰਾਤ ਵਿੱਚ ਠੀਕ ਹੋ ਜਾਵੇਗਾ।
15


ਬਾਕੀਆਂ ਨੂੰ ਹੌਂਸਲਾ ਹੋਇਆ ਜਦ ਪੌਲੂਸ ਨੇ ਇਹ ਕਿਹਾ, “ਹੇ ਮਨੁੱਖੋ, ਦਿਲ ਬੰਨੋਂ, ਮੈ ਪਰਮੇਸ਼ਵਰ ਤੇ ਭਰੋਸਾ ਕਰਦਾ ਹਾਂ ਕੀ ਜਿਸ ਤ੍ਰਾਂ ਉਸ ਨੇ ਮੈਨੂੰ ਕਿਹਾ ਹੈ ਉਵੇਂ ਹੀ ਹੋਵੇਗਾ। ਕਿਵੇਂ ਵੀ ਕਰਕੇ, ਸਾਨੂੰ ਇਸ ਦੀਪ ਦੀ ਧਰਤੀ ਤੱਕ ਪਹੁੰਚਣਾ ਹੋਵੇਗਾ।”
16


ਕੁਝ ਦਿਨਾਂ ਬਾਅਦ, ਜਹਾਜ ਰੁੜਦਾ ਹੋਇਆ ਮਲਤਾ ਨਾ ਦੇ ਦੀਪ ਕੋਲ ਪਹੁੰਚਿਆ। ਉਹ ਚਟਾਨਾਂ ਵਿੱਚੋਂ ਤੇਜੀ ਨਾਲ ਲੰਘਿਆ ਅਤੇ ਟੁਕੜੇ ਟੁਕੜੇ ਹੋ ਗਿਆ।
17


ਕਪਤਾਨ ਨੇ ਹੁਕਮ ਦਿੱਤਾ ਕੀ ਜਿਹੜੇ ਤੈਰ ਸਕਦੇ ਹਨ ਉਹ ਪਹਿਲਾਂ ਛਾਲ ਮਾਰ ਦੇਣ ਅਤੇ ਧਰਤੀ ਤੇ ਪਹਿਲਾਂ ਪਹੁੰਚ ਜਾਣ। ਬਾਕੀ ਵੀ ਧਿਆਨ ਨਾਲ ਕੁਝ ਬੋਰਡ ਉੱਤੇ, ਕੁਝ ਜਹਾਜ ਦੇ ਟੁੱਟੇ ਹੋਏ ਪੀਸਾਂ ਦੇ ਦੁਆਰਾ ਬਚ ਗਏ।
18


ਮਲਤਾ ਉੱਤੇ ਪਰਮੇਸ਼ਵਰ ਨੇ ਆਪਣੀ ਤਾਕਤ ਵਿਖਾਈ। ਜਦ ਉਹਨਾਂ ਨੇ ਅੱਗ ਬਾਲਣ ਲਈ ਲੱਕੜ੍ਹਾਂ ਇਕੱਠੀਆਂ ਕੀਤੀਆਂ, ਇੱਕ ਸੱਪ ਨੇ ਪੌਲੂਸ ਨੂੰ ਡੰਸਿਆ। ਲੋਕਾਂ ਨੇ ਸੋਚਿਆ ਉਹ ਮਰ ਜਾਵੇਗਾ।
19


ਪਰ ਸੱਪ ਦੇ ਡੱਸੇ ਨੇ ਕੋਈ ਅਸਰ ਨਾ ਕੀਤਾ। ਤਦ ਲੋਕਾਂ ਨੇ ਸੋਚਿਆ ਕੇ ਪੌਲੂਸ ਇੱਕ ਦੇਵਤਾ ਹੈ। ਬਹੁਤ ਬਿਮਾਰ ਲੋਕ ਆਏ, ਅਤੇ ਪਰਮੇਸ਼ਵਰ ਨੇ ਉਹਨਾਂ ਨੂੰ ਚੰਗਿਆਈ ਦਿੱਤੀ ਬਾਅਦ ਵਿੱਚ ਪੌਲੂਸ ਨੇ ਉਹਨਾਂ ਲਈ ਪ੍ਰਾਥਨਾਂ ਕੀਤੀ।
20

ਆਖਰਕਾਰ ਪੌਲੁਸ ਰੋਮ ਪਹੁੰਚ ਗਿਆ। ਉਸਦੀ ਕੋਰਟ ਕੇਸ ਦੀ ਸੁਣਵਾਈ ਲਈ ਦੋ ਸਾਲ ਲੱਗ ਗਏ। ਉਸ ਸਮੇ ਦੌਰਾਨ, ਪੌਲੁਸ ਨੇ ਘਰ ਕਿਰਾਏ ਤੇ ਲਿਆ ਅਤੇ ਆਪਣੇ ਮਿਲਣ ਵਾਲਿਆਂ ਨੂੰ ਮਿਲਿਆ।



21

ਤੁਸੀਂ ਜਾਣਦੇ ਹੋ ਕੀ ਪੌਲੁਸ ਨੇ ਆਪਣੇ ਮਿਲਣ ਵਾਲਿਆਂ ਨੂੰ ਕਿਸਦੇ ਬਾਰੇ ਦੱਸਿਆ? ਪਰਮੇਸ਼ਵਰ ਦੇ ਰਾਜ ਦੇ ਬਾਰੇ! ਪ੍ਰਭੂ ਯਿਸੂ ਮਸੀਹ ਦੇ ਬਾਰੇ! ਪੌਲੁਸ ਰੋਮ ਵਿੱਚ ਪਰਮੇਸ਼ਵਰ ਦਾ ਸੇਵਕ ਸੀ, ਜਿਵੇਂ ਬਾਕੀ ਯਾਤਰਾਵਾਂ ਵਿੱਚ ਸੀ।



22

"ਮੈਂ ਅੱਛੀ ਲੜਾਈ ਲੜੀ ਹੈ, ਮੈਂ ਦੌੜ ਖਤਮ ਕਰ ਲਈ ਹੈ, ਮੈ ਵਿਸ਼ਵਾਸ਼ ਰੱਖਿਆ ਹੈ," ਪੌਲੁਸ ਨੇ ਰੋਮ ਤੋਂ ਲਿਖਿਆ। ਪਵਿੱਤਰ ਬਾਈਬਲ ਸਾਨੂੰ ਨਹੀ ਦੱਸਦੀ ਕੀ ਉਸਦੀ ਜਿੰਦਗੀ ਦਾ ਅੰਤ ਕਿਸ ਤ੍ਰਰਾਂ ਹੋਇਆ, ਪਰ ਬਾਕੀ ਰਿਕਾਰਡ ਦੱਸਦੇ ਹਨ ਕੀ ਰੋਮ ਦੇ ਬਾਦਸ਼ਾਹ ਨੀਰੋ ਦੇ ਹੁਕਮ ਤੇ ਉਸ ਦਾ ਸਿਰ ਲਾਹ ਦਿੱਤਾ ਗਿਆ ਸੀ।



23

ਪੌਲੁਸ ਉਸ ਤ੍ਰਰਾਂ ਮਰਿਆ ਜਿਸ ਤ੍ਰਰਾਂ ਉਹ ਜਿਉਂਦਾ ਸੀ – ਪਰਮੇਸ਼ਵਰ ਦਾ ਇੱਕ ਵਿਸ਼ਵਾਸ਼ ਯੋਗ ਸੇਵਕ, ਬਾਕੀਆਂ ਨੂੰ ਪ੍ਰਭੂ ਯਿਸੂ ਦੇ ਬਾਰੇ ਦੱਸਦਾ ਰਿਹਾ।



24

ਪੌਲੁਸ ਦੀ ਅਦਭੁਤ ਯਾਤਰਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰਸੂਲਾਂ ਦੇ ਕਰਤੱਬ 16, 27, 28

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।